# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
# ਐਸ.ਸੀ.ੳ ਨੰ: 104-106, ਦੂਜੀ-ਤੀਜੀ ਮਜ਼ਿੰਲ, ਸੈਕਟਰ 34-ਏ,
# ਚੰਡੀਗੜ੍ਹ

ਸਮੂਹ ਜ਼ਿਲ੍ਹਾ ਸਿਖਿਆ ਅਫ਼ਸਰ(ਸੈ.ਸਿ.)
ਸਮੂਹ ਜ਼ਿਲ੍ਹਾ ਸਿਖਿਆ ਅਫ਼ਸਰ(ਐ.ਸਿ.)
ਪੰਜਾਬ ਰਾਜ।

ਮੀਮੋ ਨੰ. ਐਮ.ਡੀ.ਐਮ.ਸੀ/ਐਮ.ਐਚ.ਐਨ/2012/ 2628-67
ਮਿਤੀ 1/10/2012

**ਵਿਸ਼ਾ:- ਸਕੂਲਾਂ ਵਿੱਚ ਦਿੱਤੇ ਜਾ ਰਹੇ ਮਿਡ-ਡੇ-ਮੀਲ ਵਿੱਚ ਡਬਲ ਫੌਰਟੀਫਾਈਡ ਨਮਕ ਇਸਤਿਮਾਲ ਕਰਨ ਸਬੰਧੀ।**

ਇਹ ਵੇਖਣ ਵਿੱਚ ਆਇਆ ਹੈ ਕਿ ਸਕੂਲੀ ਬਚਿੱਆਂ ਵਿੱਚ ਆਇਰਨ ਦੀ ਕਮੀ ਕਾਫੀ ਹਦ ਤੱਕ ਪਾਈ ਜਾਂਦੀ ਹੈ। ਪੰਜਾਬ ਦੇ ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਲਗਭਗ 21% ਸਕੂਲੀ ਬੱਚਿਆਂ ਵਿੱਚ ਆਇਰਨ ਦੀ ਘਾਟ ਪਾਈ ਗਈ ਹੈ।

ਆਪਣੇ ਭੋਜਨ ਵਿੱਚ ਹਰੀਆਂ ਸਬਜ਼ੀਆਂ ਦੀ ਵਰਤੋਂ ਨਾਲ ਆਇਰਨ ਦੀ ਘਾਟ ਨੂੰ ਕੁੱਝ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਕਿਉਂਕਿ ਸਰਦੀਆਂ ਦੇ ਮੌਸਮ ਵਿੱਚ ਹਰੀਆਂ ਸਬਜ਼ੀਆਂ ਕਾਫੀ ਅਧਿੱਕ ਮਾਤਰਾ ਵਿੱਚ ਉਪਲਬੱਧ ਹੋ ਜਾਂਦੀਆਂ ਹਨ ਇਸ ਲਈ ਸਕੂਲਾਂ ਵਿੱਚ ਮਿਡ-ਡੇ-ਮੀਲ ਬਨਾਉਣ ਸਮੇਂ ਹਰੀਆਂ ਸਬਜ਼ੀਆਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ।

ਆਇਰਨ ਦੀ ਘਾਟ ਨੂੰ ਪੂਰਾ ਕਰਨ ਹਿੱਤ ਇੱਕ ਘੱਟ ਕੀਮਤ ਵਾਲਾ ਤਰੀਕਾ ਆਇਰਨ ਅਤੇ ਆਇਯੋਡੀਨ ਯੁਕਤ ਨਮਕ ਨੂੰ ਵਰਤਣ ਦਾ ਹੈ। ਇਸ ਆਇਰਨ ਯੁਕਤ ਨਮਕ ਨੂੰ ਮਾਰਕੀਟ ਵਿੱਚ ਉਪਲਬੱਧ ਕਰਨ ਹਿੱਤ ਇਸ ਦਫ਼ਤਰ ਵਲੋਂ ਉਪਰਾਲਾ ਕੀਤਾ ਗਿਆ ਹੈ ਅਤੇ ਹੁਣ ਇਹ ਨਮਕ ਮਾਰਕੀਟ ਵਿੱਚ ਨਾਮੀ ਕੰਪਨੀਆਂ ਵੱਲੋਂ ਉਪਲਬੱਧ ਕਰਵਾਇਆ ਜਾ ਰਿਹਾ ਹੈ। ਇਸ ਦਫ਼ਤਰ ਵਲੋਂ ਮਾਰਕਫੈਡ ਪੰਜਾਬ ਨਾਲ ਵੀ ਇਸ ਨਮਕ ਨੂੰ ਪਿੰਡਾਂ /ਸ਼ਹਿਰਾਂ ਵਿੱਚ ਆਪਣੀਆਂ ਪ੍ਰਚੂਨ ਇਕਾਈਆਂ/ ਸਹਿਕਾਰੀ ਸਭਾਵਾਂ ਰਾਹੀਂ ਉਪਲਬੱਧ ਕਰਾਉਣ ਹਿੱਤ ਵੀ ਤਾਲਮੇਲ ਕੀਤਾ ਗਿਆ ਹੈ।

ਉਕਤ ਦੇ ਸਨਮੁੱਖ ਇਹ ਫੈਸਲਾ ਕੀਤਾ ਗਿਆ ਹੈ ਕਿ ਮੌਜੂਦਾ ਸਮੇਂ ਮਿਡ-ਡੇ-ਮੀਲ ਵਿੱਚ ਵਰਤੇ ਜਾਣ ਵਾਲੇ ਆਇਓਡਾਇਜ਼ਡ ਯੁਕਤ ਨਮਕ ਦੀ ਥਾਂ ਤੇ ਪਹਿਲੀ ਨਵੰਬਰ 2012 ਤੋਂ ਕੇਵਲ ਡਬਲ ਫੌਰਟੀਫਾਈਡ ਨਮਕ (ਆਇਰਨ ਅਤੇ ਆਇਯੋਡੀਨ ਯੁਕਤ) ਹੀ ਵਰਤਿਆ ਜਾਵੇ।

ਸਕੂਲੀ ਬਚਿੱਆਂ ਵਿੱਚ ਆਇਰਨ ਦੀ ਘਾਟ ਨੂੰ ਮੁੱਖ ਰੱਖਦਿਆਂ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲਾਂ ਵਿੱਚ ਮਿਡ-ਡੇ-ਮੀਲ ਵਿੱਚ ਪਹਿਲੀ ਨਵੰਬਰ 2012 ਤੋਂ ਕੇਵਲ ਉਕਤ ਦੱਸਿਆ ਡਬਲ ਫੌਰਟੀਫਾਈਡ ਨਮਕ ਹੀ ਵਰਤਿਆ ਜਾਵੇ।

ਕੇ.ਐਸ.ਪੰਨੂੰ, ਆਈ.ਏ.ਐਸ
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰ

ਪਿ.ਅੰ.ਨ. ਐਮ.ਡੀ.ਐਮ.ਸੀ/ਐਮ.ਐਚ.ਐਨ/2012/2668-69 ਮਿੱਤੀ 1/10/2012

1) ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਮੈਨੇਜਰ (ਮਿਡ-ਡੇ-ਮੀਲ) ਨੂੰ ਇਸ ਹਦਾਇਤ ਨਾਲ ਭੇਜਿਆ ਜਾਂਦਾ ਹੈ ਕਿ ਉਕਤ ਦੱਸੇ ਅਨੁਸਾਰ ਡਬਲ ਫੌਰਟੀਫਾਈਡ ਨਮਕ ਸਕੂਲਾਂ ਵਿੱਚ ਉਪਲਬੱਧ ਕਰਵਾਉਣ ਹਿੱਤ ਜ਼ਿਲ੍ਹਾ /ਬਲਾਕ ਪੱਧਰ ਤੇ ਉਪਰਾਲੇ ਕੀਤੇ ਜਾਣ।

2) ਮੈਨਜਿੰਗ ਡਾਇਰੈਕਟਰ, ਮਾਰਕਫੈਡ ਨੂੰ ਇਸ ਦਫ਼ਤਰ ਦੇ ਪੱਤਰ ਨੰ. MDMC/MFG/2012/2374 ਮਿਤੀ 24.08.2012 ਅਤੇ ਉਨ੍ਹਾਂ ਦੇ ਦਫ਼ਤਰ ਦੇ ਪੱਤਰ ਨੰ. CMM/Supdt./SA-3/12/3603 ਮਿੱਤੀ 21.09.2012 ਦੇ ਹਵਾਲੇ ਨਾਲ ਇਸ ਬੇਨਤੀ ਨਾਲ ਭੇਜਿਆ ਜਾਂਦਾ ਹੈ ਕਿ ਉਪਯੁਕਤ ਮਾਤਰਾ ਵਿੱਚ ਡਬਲ ਫੌਰਟੀਫਾਈਡ ਨਮਕ ਸਹਿਕਾਰੀ ਸਭਾਵਾਂ /ਡੀਲਰਾਂ/ਬਰਾਂਚਾਂ ਰਾਹੀਂ ਸਕੂਲਾਂ ਲਈ ਉਪਲਬੱਧ ਕਰਵਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ